# ਐਮਰਜੈਂਸੀ ਵਿਭਾਗ ਵਿਚ ਐੱਚ.ਆਈ.ਵੀ. ਦੀ ਰੁਟੀਨ ਟੈਸਟਿੰਗ

## ਐੱਚ.ਆਈ.ਵੀ. ਦੀ ਰੁਟੀਨ ਟੈਸਟਿੰਗ ਕਿਉਂ ਮਹੱਤਵਪੂਰਨ ਹੈ?

ਐਮਰਜੈਂਸੀ ਵਿਭਾਗ ਵਿਚ ਅਸੀਂ ਜ਼ਿਆਦਾਤਰ ਮਰੀਜ਼ਾਂ ਦਾ ਐੱਚ.ਆਈ.ਵੀ. ਟੈੱਸਟ ਕਰਦੇ ਹਾਂ।

ਤੁਹਾਡੀ ਸਿਹਤ ਅਤੇ ਸਿਹਤ ਸੰਭਾਲ ਲਈ ਤੁਹਾਡੇ ਵਾਸਤੇ ਐੱਚ.ਆਈ.ਵੀ. ਦੀ ਸਥਿਤੀ ਜਾਣਨਾ ਬੜਾ ਮਹੱਤਵਪੂਟਨ ਹੈ। ਐੱਚ.ਆਈ.ਵੀ. ਵਾਲੇ ਲੋਕਾਂ ਵਿਚ ਆਮ ਤੌਰ ਤੇ ਕਈ ਸਾਲਾਂ ਤੱਕ ਕੋਈ ਲੱਛਣ ਨਹੀਂ ਹੁੰਦੇ। ਇਸ ਸਮੇਂ ਦੌਰਾਨ ਤੁਹਾਡੀ ਸਿਹਤ ਤੇ ਅਸਰ ਹੋ ਸਕਦਾ ਹੈ ਅਤੇ ਸੰਭਵ ਹੈ ਕਿ ਇਸ ਦਾ ਤੁਹਾਨੂੰ ਪਤਾ ਵੀ ਨਾ ਹੋਵੇ। ਤੁਸੀਂ ਇਹ ਦੂਸਰਿਆਂ ਵਿਚ ਵੀ ਫੈਲਾਅ ਸਕਦੇ ਹੋ। ਇਸ ਦਾ ਯਕੀਨੀ ਤੌਰ ਤੇ ਜਾਣਨ ਦਾ ਇੱਕੋ ਹੀ ਤਰੀਕਾ ਹੈ ਕਿ ਟੈੱਸਟ ਕਰਵਾਓ।

ਜਦੋਂ ਤੁਸੀਂ ਹਸਪਤਾਲ ਹੁੰਦੇ ਹੋ ਤਾਂ ਖ਼ੂਨ ਦੇ ਹੋਰ ਟੈੱਸਟਾਂ ਨਾਲ ਐੱਚ.ਆਈ.ਵੀ. ਦਾ ਟੈੱਸਟ ਵੀ ਹੋ ਸਕਦਾ ਹੈ।

ਐੱਚ.ਆਈ.ਵੀ. ਦਾ ਦਵਾਈਆਂ ਨਾਲ ਇਲਾਜ ਹੋ ਸਕਦਾ ਹੈ। ਐੱਚ.ਆਈ.ਵੀ. ਵਾਲੇ ਲੋਕ ਜਿਨ੍ਹਾਂ ਦਾ ਇਲਾਜ ਕੀਤਾ ਜਾਂਦਾ ਹੈ ਉਹ ਲੰਮੀ ਅਤੇ ਸਕਾਰਾਤਮਿਕ ਜ਼ਿੰਦਗੀ ਜੀ ਸਕਦੇ ਹਨ।

## ਐੱਚ.ਆਈ.ਵੀ. ਕੀ ਹੈ?

ਹਿਊਮਨ ਇਮਿਊਨੋਡੈਫਿਸ਼ੈਂਸੀ ਵਾਇਰਸ (ਐੱਚ.ਆਈ.ਵੀ.) ਇਹ ਇੱਕ ਵਾਇਰਸ ਹੈ ਜੋ ਇਮਿਊਨ ਪ੍ਰਣਾਲੀ ਤੇ ਹਮਲਾ ਕਰਦਾ ਹੈ। ਤੁਹਾਡੇ ਸਰੀਰ ਦੀ ਇਮਿਊਨ ਪ੍ਰਣਾਲੀ ਤੁਹਾਡੇ ਸਰੀਰ ਨੂੰ ਇਸ ਇਨਫ਼ੈਕਸ਼ਨ ਨਾਲ ਲੜਣ ਵਿਚ ਮਦਦ ਕਰਦੀ ਹੈ।

ਐੱਚ.ਆਈ.ਵੀ. ਇੱਕ ਪੁਰਾਣੀ ਬਿਮਾਰੀ ਹੈ ਜਿਸਦਾ ਦਵਾਈਆਂ ਨਾਲ ਇਲਾਜ ਕੀਤਾ ਜਾ ਜਾਂਦਾ ਹੈ।

ਐੱਚ.ਆਈ.ਵੀ. ਦਾ ਕੋਈ ਪੱਕਾ ਇਲਾਜ ਨਹੀਂ ਪਰ ਇਲਾਜ ਨਾਲ ਐੱਚ.ਆਈ.ਵੀ. ਵਾਲੇ ਲੋਕ ਸਿਹਤਮੰਦ ਰਹਿ ਸਕਦੇ ਹਨ ਅਤੇ ਇਹ ਵਾਇਰਸ ਦੂਜਿਆਂ ਵਿਚ ਫੈਲਾਉਣ ਦੀ ਘਟ ਸੰਭਾਵਨਾ ਹੁੰਦੀ ਹੈ।

ਜੇ ਐੱਚ.ਆਈ.ਵੀ. ਦਾ ਇਲਾਜ ਨਾ ਕੀਤਾ ਜਾਏ ਤਾਂ ਇਸ ਤੋਂ ਏਡਜ਼ (AIDS) ਹੋ ਸਕਦੀ ਹੈ।

ਐੱਚ.ਆਈ.ਵੀ. ਇਨਫ਼ੈਕਸ਼ਨ ਇੱਕ ਵਿਅਕਤੀ ਤੋਂ ਦੂਸਰੇ ਵਿਅਕਤੀ ਵਿਚ ਅਸੁਰੱਖਿਅਤ ਸੈਕਸ (ਯੋਨੀ, ਗੁਦਾ, ਕਈ ਵਾਰ ਮੌਖਿਕ) ਦੌਰਾਨ ਫੈਲਦੀ ਹੈ ਜਦੋਂ ਇੱਕ ਵਿਅਕਤੀ ਨੂੰ ਐੱਚ.ਆਈ.ਵੀ. ਹੋਵੇ।

ਐੱਚ.ਆਈ.ਵੀ. ਇੱਕ ਇਨਫ਼ੈਕਸ਼ਨ ਹੈ ਜਿਸ ਦੀ ਕਾਨੂੰਨੀ ਤੌਰ ਤੇ 'ਰਿਪੋਰਟ ਕਰਨੀ ਹੁੰਦੀ ਹੈ'। ਜਿਸ ਦਾ ਮਤਲਬ ਹੈ ਕਿ ਪਾਜ਼ਿਟਿਵ ਨਤੀਜੇ ਮੈਡੀਕਲ ਹੈਲਥ ਅਫ਼ਸਰ ਨੂੰ ਭੇਜੇ ਜਾਂਦੇ ਹਨ, ਜੋ ਪਬਲਿਕ ਹੈਲਥ ਡਾਕਟਰ ਹੁੰਦਾ ਹੈ ਅਤੇ ਐੱਚ.ਆਈ.ਵੀ. ਨਾਲ ਪ੍ਰਭਾਵਤ ਲੋਕਾਂ ਦੀ ਦੇਖਭਾਲ ਕਰਨ ਲਈ ਜ਼ਿੰਮੇਵਾਰ ਹੁੰਦਾ ਹੈ।

ਐੱਚ.ਆਈ.ਵੀ. ਦਾ ਟੈੱਸਟ ਕਰਵਾਉਣ ਤੋਂ ਇਨਕਾਰ ਕਰਨਾ ਤੁਹਾਡਾ ਹੱਕ ਹੈ। ਆਪਣੀ ਨਰਸ ਜਾਂ ਜੋ ਵਿਅਕਤੀ ਤੁਹਾਡਾ ਖ਼ੂਨ ਲੈ ਰਿਹਾ ਹੈ ਉਸ ਨੂੰ ਦੱਸੋ ਕਿ ਤੁਸੀਂ ਐੱਚ.ਆਈ.ਵੀ. ਦਾ ਟੈੱਸਟ ਨਹੀਂ ਕਰਵਾਉਣਾ ਚਾਹੁੰਦੇ।

# ਟੈੱਸਟ ਨਤੀਜੇ

## ਜੇ ਟੈੱਸਟ ਦਾ ਨਤੀਜਾ ਨੈਗਿਟਿਵ ਹੋਵੇ ਤਾਂ ਕੀ ਹੁੰਦਾ ਹੈ?

ਟੈੱਸਟ ਦੇ ਨਤੀਜੇ ਆਉਣ ਤੱਕ 2 ਹਫ਼ਤਿਆਂ ਤੱਕ ਦਾ ਸਮਾਂ ਲੱਗ ਸਕਦਾ ਹੈ। ਜੇ ਨਤੀਜਾ ਨੈਗਿਟਿਵ ਹੈ ਤਾਂ ਤੁਹਾਨੂੰ ਕੋਈ ਫ਼ੋਨ ਨਹੀਂ ਆਏਗਾ।

ਤਾਜ਼ਾ ਐੱਚ.ਆਈ.ਵੀ. ਇਨਫ਼ੈਕਸ਼ਨ ਦਾ ਟੈੱਸਟ ਰਾਹੀਂ ਪਤਾ ਨਹੀਂ ਲੱਗਦਾ। ਜੇ ਤੁਸੀਂ ਸਮਝਦੇ ਹੋ ਕਿ ਪਿਛਲੇ 6 ਹਫ਼ਤਿਆਂ ਦੌਰਾਨ ਐੱਚ.ਆਈ.ਵੀ. ਦੇ ਸੰਪਰਕ ਵਿਚ ਆਏ ਹੋਵੋ ਤਾਂ ਆਪਣੇ ਪਰਵਾਰਕ ਡਾਕਟਰ ਨੂੰ 6 ਹਫ਼ਤਿਆਂ ਵਿਚ ਦੂਜਾ ਟੈੱਸਟ ਕਰਵਾਉਣ ਲਈ ਕਹੋ ਜਾਂ ਸਰੋਤਾਂ ਥੱਲੇ 'ਐੱਚ.ਆਈ.ਵੀ. ਟੈੱਸਟਿੰਗ ਲੋਕੇਸ਼ਨਜ਼' ਵਿਚੋਂ ਆਪਣੇ ਨਜ਼ਦੀਕ ਦੀ ਲੋਕੇਸ਼ਨ ਲੱਭੋ।

## ਜੇ ਟੈੱਸਟ ਦਾ ਨਤੀਜਾ ਪਾਜ਼ਿਟਿਵ ਹੋਵੇ ਤਾਂ ਕੀ ਹੁੰਦਾ ਹੈ?

**ਜੇ ਤੁਸੀਂ ਅਜੇ ਹਸਪਤਾਲ ਵਿਚ ਹੀ ਹੋ** ਅਤੇ ਤੁਹਾਡਾ ਐੱਚ.ਆਈ.ਵੀ. ਦਾ ਨਤੀਜਾ ਪਾਜ਼ਿਟਿਵ ਹੈ ਤਾਂ ਤੁਹਾਡਾ ਡਾਕਟਰ ਅਤੇ/ਜਾਂ ਨਰਸ ਤੁਹਾਨੂੰ ਦਸੇਗੀ। ਤੁਹਾਨੂੰ ਫਾਲੋਅੱਪ ਸਿਹਤ ਸੰਭਾਲ ਲਈ ਸਹਾਇਤਾ, ਸਿੱਖਿਆ ਅਤੇ ਮਦਦ ਦਿੱਤੀ ਜਾਏਗੀ।

**ਜੇ ਤੁਸੀਂ ਹਸਪਤਾਲ ਤੋਂ ਚਲੇ ਗਏ ਹੋ** ਅਤੇ ਤੁਹਾਡਾ ਨਤੀਜਾ ਪਾਜਿਟਿਵ ਹੈ ਤਾਂ ਤੁਹਾਨੂੰ ਪਬਲਿਕ ਹੈਲਥ ਨਰਸ ਵੱਲੋਂ ਫ਼ੋਨ ਆਏਗਾ। ਪਬਲਿਕ ਹੈਲਥ ਨਰਸ ਤੁਹਾਡੇ ਨਾਲ ਮੀਟਿੰਗ ਨਿਯਤ ਕਰੇਗੀ। ਪਬਲਿਕ ਹੈਲਥ ਨਰਸ ਤੁਹਾਨੂੰ ਫਾਲੋਅੱਪ ਸਿਹਤ ਸੰਭਾਲ ਲਈ ਸਹਾਇਤਾ, ਸਿੱਖਿਆ ਅਤੇ ਮਦਦ ਦੇਵੇਗੀ ਅਤੇ ਫ਼ਾਲੋਅੱਪ ਸਿਹਤ ਸੰਭਾਲ ਲਈ ਤੁਹਾਡੀ ਮਦਦ ਵੀ ਕਰੇਗੀ।

**ਜੇ ਟੈੱਸਟ ਦੇ ਨਤੀਜੇ ਮਿਲਣ ਤੋਂ ਪਹਿਲਾਂ ਤੁਸੀਂ ਹਸਪਤਾਲ ਵਿਚੋਂ ਚਲੇ ਜਾਓ** ਤਾਂ ਤੁਸੀਂ ਆਪਣੇ ਪਰਵਾਰਕ ਡਾਕਟਰ ਤੋਂ ਨਤੀਜਾ ਪਤਾ ਕਰ ਸਕਦੇ ਹੋ।

ਜੇ ਤੁਹਾਡਾ ਪਰਵਾਰਕ ਡਾਕਟਰ ਕੋਈ ਨਹੀਂ ਅਤੇ ਆਪਣਾ ਐੱਚ.ਆਈ.ਵੀ. ਦਾ ਨਤੀਜਾ ਪਤਾ ਕਰਨਾ ਚਾਹੁੰਦੇ ਹੋ ਤਾਂ ਕਿਰਪਾ ਕਰ ਕੇ 604-675-3900 ਨੰਬਰ ਤੇ ਫ਼ੋਨ ਕਰ ਕੇ ਛੂਤ ਵਾਲੀਆਂ ਬਿਮਾਰੀਆਂ ਵਾਲੀ ਨਰਸ ਨਾਲ ਗੱਲ ਕਰਨ ਲਈ ਕਹੋ। ਜਦੋਂ ਤੁਸੀਂ ਇਸ ਲਾਈਨ ਤੇ ਫ਼ੋਨ ਕਰਦੇ ਹੋ ਤਾਂ ਤੁਹਾਨੂੰ ਆਪਣਾ ਪੂਰਾ ਨਾਮ, ਜਨਮ ਤਾਰੀਖ਼ ਅਤੇ ਬੀ.ਸੀ. ਸਰਵਿਸ ਕਾਰਡ ਨੰਬਰ ਤੁਹਾਡੀ ਪਹਿਚਾਣ ਸੁਨਿਸ਼ਚਿਤ ਕਰਨ ਲਈ ਪੁੱਛਿਆ ਜਾਏਗਾ।

ਤੁਹਾਡੇ ਮੌਜੂਦਾ ਜਾਂ ਪੁਰਾਣੇ ਸੈਕਸੂਅਲ ਜਾਂ ਸੂਈ ਸਾਂਝੀ ਕਰਨ ਵਾਲੇ ਸਾਥੀਆਂ ਨੂੰ ਵੀ ਦੱਸਿਆ ਜਾਏਗਾ ਕਿ ਉਨ੍ਹਾਂ ਨੂੰ ਵੀ ਐੱਚ.ਆਈ.ਵੀ. ਲਈ ਟੈੱਸਟ ਕਰਵਾਉਣਾ ਚਾਹੀਦਾ ਹੈ। ਪਬਲਿਕ ਹੈਲਥ ਨਰਸ ਤੁਹਾਡੇ ਸਾਥੀਆਂ ਨੂੰ ਦਸਣ ਵਿਚ ਤੁਹਾਡੀ ਮਦਦ ਕਰ ਸਕਦੀ ਹੈ ਜਾਂ ਤੁਹਾਡੀ ਪਛਾਣ ਦੱਸੇ ਬਿਨਾਂ ਉਨ੍ਹਾਂ ਨੂੰ ਟੈੱਸਟ ਕਰਵਾਉਣ ਲਈ ਕਹਿ ਸਕਦੀ ਹੈ।

ਤੁਹਾਡਾ ਐੱਚ.ਆਈ.ਵੀ. ਦਾ ਨਤੀਜਾ ਸੂਬੇ ਦੇ ਡੇਟਾਬੇਸ ਵਿਚ ਅਤੇ ਹੋਰ ਸਿਹਤ ਸੰਭਾਲ ਡੇਟਾ ਬੇਸ ਵਿਚ ਰੱਖਿਆ ਜਾਏਗਾ। ਤੁਹਾਡੀ ਸਿਹਤ ਸੰਭਾਲ ਕਰਨ ਵਾਲਿਆਂ ਨੂੰ ਤੁਹਾਡੀ ਇਸ ਜਾਣਕਾਰੀ ਤੱਕ ਪਹੁੰਚ ਕਰਨ ਦੀ ਇਜਾਜ਼ਤ ਹੋ ਸਕਦੀ ਹੈ। ਅਸੀਂ ਤੁਹਾਡੀ ਜਾਣਕਾਰੀ ਬੀ.ਸੀ. ਫ਼ਰੀਡਮ ਆਫ਼ ਇਨਫ਼ਰਮੇਸ਼ਨ ਐਂਡ ਪ੍ਰੋਟੈਕਸ਼ਨ ਆਫ਼ ਪ੍ਰਾਈਵੇਸੀ ਐਕਟ, ਪਬਲਿਕ ਹੈਲਥ ਐੱਕਟ ਅਤੇ ਈ-ਹੈਲਥ ਐੱਕਟ ਅਧੀਨ ਇਕੱਠੀ ਕਰਦੇ ਹਾਂ, ਵਰਤਦੇ ਹਾਂ ਅਤੇ ਪ੍ਰਗਟ ਕਰਦੇ ਹਾਂ ਜਿੱਥੇ ਇਜਾਜ਼ਤ ਹੋਵੇ ਜ਼ਰੂਰੀ ਹੋਵੇ।

ਆਪਣੀ ਪ੍ਰਾਈਵੇਸੀ ਬਾਰੇ ਸਵਾਲਾਂ ਲਈ ਵੈਨਕੂਵਰ ਕੋਸਟਲ ਹੈਲਥ ਦੇ ਇਨਫ਼ਰਮੇਸ਼ਨ ਪ੍ਰਾਈਵੇਸੀ ਆਫ਼ਸ ਨੂੰ 604-875-5568 ਤੇ ਸੰਪਰਕ ਕਰੋ। ਟੈਸਟ ਨਤੀਜਿਆਂ ਨੂੰ ਸੂਬਾਈ ਡੇਟਾਬੇਸ ਵਿਚ ਸਟੋਰ ਕਰਨ ਬਾਰੇ ਹੋਰ ਜ਼ਿਆਦਾ ਜਾਣਕਾਰੀ ਲਈ ਸਰੋਤ ਸੈਕਸ਼ਨ ਵਿਚ 'Disclosure Directives' ਨੂੰ ਪੜ੍ਹੋ।

# ਸਰੋਤ

## ਐੱਚ.ਆਈ.ਵੀ. ਬਾਰੇ ਹੋਰ ਜ਼ਿਆਦਾ ਜਾਣਕਾਰੀ ਲਈ ਕਿਰਪਾ ਕਰ ਕੇ ਇੱਥੇ ਦੇਖੋ:

ਐੱਚ.ਆਈ.ਵੀ. ਇਨਫ਼ੈਕਸ਼ਨ: ਬੀ.ਸੀ. ਹੈਲਥ ਫ਼ਾਈਲ
https://www.healthlinkbc.ca/healthlinkbc-files/hiv-and-hiv-tests

ਐੱਚ.ਆਈ.ਵੀ. ਟੈਸਟਿੰਗ ਦੀ ਜਾਣਕਾਰੀ: ਬ੍ਰਿਟਿਸ਼ ਕੋਲੰਬੀਆ ਸੈਂਟਰ ਫ਼ਾਰ ਡਿਜ਼ੀਜ਼ ਕੰਟ੍ਰੋਲ
http://www.bccdc.ca

ਐੱਚ.ਆਈ.ਵੀ. ਦੇ ਇਲਾਜ ਬਾਰੇ ਜਾਣਕਾਰੀ: HIV/AIDS ਵਿਚ ਬ੍ਰਿਟਿਸ਼ ਕੋਲੰਬੀਆ ਸੈਂਟਰ ਫ਼ਾਰ ਐਕਸੀਲੈਂਸ:
http://www.bccfe.ca

ਕੈਨੇਡੀਅਨ HIV/AIDS ਲੀਗਲ ਨੈੱਟ ਵਰਕ
https://www.hivlegalnetwork.ca

ਜਾਣਕਾਰੀ ਪ੍ਰਗਟ ਕਰਨ ਬਾਰੇ ਨਿਰਦੇਸ਼
https://www.canada.ca/en/department-justice/news/2017/12/fact_sheet_hiv_non-disclosureandthecriminallaw.html

ਐੱਚ.ਆਈ.ਵੀ. ਟੈੱਸਟਿੰਗ ਲਈ ਥਾਂਵਾਂ
https://smartsexresource.com/clinics-testing

ਐੱਚ.ਆਈ.ਵੀ. ਬਾਰੇ ਮੁੱਢਲੀ ਜਾਣਕਾਰੀ, ਰੋਕਥਾਮ, ਇਲਾਜ ਅਤੇ ਦੇਖਭਾਲ ਲਈ
https://www.catie.ca